INVESTMENT FUNDS

# ਸੈਗਰੇਗੇਟਡ ਫੰਡ 10 ਸਵਾਲਾਂ ਵਿੱਚ



iA Financial Group

# 10 ਸਵਾਲਾਂ ਵਿੱਚ ਸੈਗਰੇਗੇਟਡ ਫੰਡ

## 1 ਸੈਗਰੇਗੇਟਡ ਫੰਡ ਕੀ ਹੁੰਦਾ ਹੈ?

ਸੈਗਰੇਗੇਟਡ ਫੰਡ ਇੱਕ ਬੀਮਾ ਉਤਪਾਦ ਹੁੰਦਾ ਹੈ ਜੋ ਵਿਸ਼ੇਸ਼ ਤੌਰ 'ਤੇ ਬੀਮਾ ਕੰਪਨੀਆਂ ਵੱਲੋਂ ਵੰਡਿਆ ਜਾਂਦਾ ਹੈ। ਇਹ ਇੱਕ ਮਿਉਚੁਅਲ ਫੰਡ ਦੇ ਸਮਾਨ ਹੈ ਪਰ ਪਰਿਪੱਕਤਾ ਜਾਂ ਮੌਤ 'ਤੇ ਇਨਵੈਸਟ ਕੀਤੀ ਰਕਮ ਦੇ 75% ਤੋਂ 100% ਦੀ ਗਰੰਟੀ ਦੇ ਕੇ, ਹੋਰ ਵਿਸ਼ੇਸ਼ਤਾਵਾਂ ਦੇ ਨਾਲ, ਮਾਰਕੀਟ ਵਿੱਚ ਗਿਰਾਵਟ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।

ਇਹ ਗਰੰਟੀ, ਜੋ ਕਿ ਮਿਉਚੁਅਲ ਫੰਡਾਂ ਲਈ ਉਪਲਬਧ ਨਹੀਂ ਹੈ, ਕੁਝ ਗਾਹਕਾਂ ਲਈ ਇੱਕ ਵੱਡਾ ਫਾਇਦਾ ਦਰਸਾਉਂਦੀ ਹੈ ਕਿਉਂਕਿ ਇਹ ਨੁਕਸਾਨ ਦੇ ਜੋਖਮਾਂ ਨੂੰ ਸੀਮਤ ਕਰ ਸਕਦੀ ਹੈ।

## 2 ਮਿਉਚੁਅਲ ਫੰਡਾਂ ਨਾਲੋਂ ਸੈਗਰੇਗੇਟਡ ਫੰਡ ਕਿਉਂ ਚੁਣੇ ਜਾਣੇ ਚਾਹੀਦੇ ਹਨ?

ਸੈਗਰੇਗੇਟਡ ਫੰਡ ਤੁਹਾਨੂੰ ਕਈ ਵਿਲੱਖਣ ਫਾਇਦਿਆਂ ਤੱਕ ਪਹੁੰਚ ਦਿੰਦੇ ਹਨ:

— ਪਰਿਪੱਕਤਾ ਜਾਂ ਮੌਤ 'ਤੇ ਪੂੰਜੀ ਦੀ ਸੁਰੱਖਿਆ
— ਰੀਸੈੱਟ ਦੁਆਰਾ ਸੁਰੱਖਿਅਤ ਇਨਵੈਸਟਮੈਂਟ ਵਾਧਾ
— ਨੋ ਪ੍ਰੋਬੇਟ ਫੀਸ ਦੀ ਸੰਭਾਵਨਾ
— ਲਾਭਪਾਤਰੀ ਅਹੁਦੇ ਨਾਲ, ਮੌਤ ਦੀ ਸਥਿਤੀ ਵਿੱਚ ਤੁਰੰਤ ਸੈਟਲਮੈਂਟ
— ਕ੍ਰੈਡਿਟਰ ਪ੍ਰੋਟੈਕਸ਼ਨ ਦੀ ਸੰਭਾਵਨਾ
— ਤੇਜ਼ ਅਤੇ ਆਸਾਨ ਟੈਕਸ ਫਾਇਲਿੰਗ
— ਜੀਵਨ ਭਰ ਗਰੰਟੀਸ਼ੁਦਾ ਆਮਦਨ ਦੀ ਸੰਭਾਵਨਾ

## 3 ਸੈਗਰੇਗੇਟਡ ਫੰਡ ਕਿਸ ਲਈ ਹੁੰਦੇ ਹਨ?

ਸੈਗਰੇਗੇਟਡ ਫੰਡ ਹਰ ਉਮਰ ਦੇ ਲੋਕਾਂ ਲਈ ਹੁੰਦੇ ਹਨ। ਉਹ ਹੇਠ ਲਿਖਿਆਂ ਲਈ ਇੱਕ ਆਦਰਸ਼ ਵਿਕਲਪ ਹੋ ਸਕਦੇ ਹਨ:

— ਰਿਟਾਇਰਮੈਂਟ ਦੇ ਨੇੜੇ ਆ ਰਹੇ ਲੋਕ ਜੋ ਆਪਣੀ ਰਿਟਾਇਰਮੈਂਟ ਬੱਚਤ ਦੀ ਰੱਖਿਆ ਕਰਨਾ ਚਾਹੁੰਦੇ ਹਨ
— ਉਹ ਲੋਕ ਜੋ ਆਪਣੇ ਵਾਰਸਾਂ ਲਈ ਆਪਣੀ ਜਾਇਦਾਦ ਦੀ ਟ੍ਰਾਂਸਫਰ ਨੂੰ ਸਰਲ ਬਣਾਉਣਾ ਚਾਹੁੰਦੇ ਹਨ
— ਸਵੈ-ਰੁਜ਼ਗਾਰ ਕਰਮਚਾਰੀ ਜਾਂ ਕਾਰੋਬਾਰੀ ਮਾਲਕ ਜੋ ਦੀਵਾਲੀਆਪਨ ਜਾਂ ਮੁਕੱਦਮੇ ਦੀ ਸਥਿਤੀ ਵਿੱਚ ਸੁਰੱਖਿਆ ਚਾਹੁੰਦੇ ਹਨ
— ਮਨ ਦੀ ਵਿੱਤੀ ਸ਼ਾਂਤੀ ਦੀ ਤਲਾਸ਼ ਕਰਨ ਵਾਲਾ ਕੋਈ ਵੀ ਵਿਅਕਤੀ

## 4 ਕੀ ਸੈਗਰੇਗੇਟਡ ਫੰਡ ਪੂੰਜੀ ਵਾਧੇ ਲਈ ਚੰਗੀ ਸੰਭਾਵਨਾ ਪੇਸ਼ ਕਰਦੇ ਹਨ?

ਜਵਾਬ: ਜਿਵੇਂ ਕਿ ਮਿਉਚੁਅਲ ਫੰਡਾਂ ਦੇ ਨਾਲ, ਵਿਕਾਸ ਦੀ ਸੰਭਾਵਨਾ ਤੁਹਾਡੇ ਇਨਵੈਸਟਰ ਪ੍ਰੋਫਾਈਲ ਦੇ ਅਧਾਰ ਤੇ, ਤੁਹਾਡੇ ਦੁਆਰਾ ਇਨਵੈਸਟ ਕੀਤੇ ਫੰਡਾਂ 'ਤੇ ਨਿਰਭਰ ਕਰਦੀ ਹੈ। ਸਾਡੀਆਂ 75/75 ਅਤੇ 75/100 ਸੀਰੀਜ਼ ਬਿਨਾਂ ਕਿਸੇ ਸੀਮਾ ਦੇ, ਸਾਡੇ ਸਾਰੇ ਫੰਡਾਂ ਵਿੱਚ ਇਨਵੈਸਟ ਕਰਨ ਦੀ ਸੰਭਾਵਨਾ ਦੀ ਪੇਸ਼ਕਸ਼ ਕਰਦੀਆਂ ਹਨ।

ਇਹ ਪੇਸ਼ਕਸ਼, iA ਫਾਈਨੈਂਸ਼ੀਅਲ ਗਰੁੱਪ ਲਈ ਵਿਸ਼ੇਸ਼, ਸਾਡੇ ਗਾਹਕਾਂ ਨੂੰ , ਇੱਕ ਬਿਹਤਰ ਗਾਰੰਟੀ ਤੋਂ ਵੀ ਲਾਭ ਪ੍ਰਾਪਤ ਕਰਦੇ ਹੋਏ ਇਨਵੈਸਟਮੈਂਟ ਵਿਕਲਪਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੇ ਨਾਲ ਹੀ ਇੱਕ ਉੱਚ ਵਿਕਾਸ ਸੰਭਾਵਨਾ ਤੱਕ ਪਹੁੰਚ ਪ੍ਰਦਾਨ ਕਰਦੀ ਹੈ।

ਕਿਸੇ ਵੀ ਸਥਿਤੀ ਵਿੱਚ, ਤੁਹਾਡੀ ਵਿਕਾਸ ਸੰਭਾਵਨਾ ਨੂੰ ਅਨੁਕੂਲ ਬਣਾਉਣ ਲਈ, ਸਭ ਤੋਂ ਮਹੱਤਵਪੂਰਨ ਚੀਜ਼ਾਂ ਜੋ ਤੁਸੀਂ ਕਰ ਸਕਦੇ ਹੋ ਉਹ ਹੇਠ ਲਿਖੇ ਮੁਤਾਬਕ ਹਨ:

— ਚੰਗੀ ਸਲਾਹ ਪ੍ਰਾਪਤ ਕਰੋ ਅਤੇ ਆਪਣੇ ਇਨਵੈਸਟਰ ਪ੍ਰੋਫਾਈਲ ਦੇ ਆਧਾਰ 'ਤੇ ਨਿਵੇਸ਼ ਕਰੋ
— ਚੰਗੀ ਤਰ੍ਹਾਂ ਨਾਲ ਪ੍ਰਬੰਧਿਤ ਫੰਡਾਂ ਵਿੱਚ ਇਨਵੈਸਟ ਕਰੋ, ਜਿਵੇਂ ਕਿ iA ਫਾਈਨੈਂਸ਼ੀਅਲ ਗਰੁੱਪ ਦੁਆਰਾ ਪੇਸ਼ ਕੀਤੇ ਫੰਡ

## 5 ਕੀ ਸੈਗਰੇਗੇਟਡ ਫੰਡਾਂ ਵਿੱਚ ਇਨਵੈਸਟ ਕਰਕੇ ਕੁਝ ਫੀਸਾਂ ਤੋਂ ਬਚਣਾ ਸੰਭਵ ਹੈ?

ਹਾਂ। ਲਾਭਪਾਤਰੀ ਨੂੰ ਨਿਯੁਕਤ ਕਰਨ ਦਾ ਫਾਇਦਾ ਤੁਹਾਨੂੰ ਪ੍ਰੋਬੇਟ, ਪੇਸ਼ੇਵਰ ਅਤੇ ਕਾਨੂੰਨੀ ਫੀਸਾਂ ਸਮੇਤ, ਸੈਗਰੇਗੇਟਡ ਫੰਡ ਇਕਰਾਰਨਾਮੇ ਤੋਂ ਪੈਸੇ ਟ੍ਰਾਂਸਫਰ ਕਰਨ ਵੇਲੇ ਜਾਇਦਾਦ ਦੇ ਨਿਪਟਾਰੇ ਨਾਲ ਸਬੰਧਤ ਵੱਖ-ਵੱਖ ਫੀਸਾਂ ਤੋਂ ਬਚਣ ਦੀ ਇਜਾਜ਼ਤ ਦਿੰਦਾ ਹੈ। ਤੁਹਾਡੀ ਰਿਹਾਇਸ਼ ਦੇ ਸੂਬੇ 'ਤੇ ਨਿਰਭਰ ਕਰਦੇ ਹੋਏ, ਇਹ ਫੀਸਾਂ ਇੱਕ ਮਹੱਤਵਪੂਰਨ ਰਕਮ ਨੂੰ ਦਰਸਾਉਂਦੀਆਂ ਹਨ ਅਤੇ ਇੱਕ ਵੱਡਾ ਫ਼ਰਕ ਲਿਆ ਸਕਦੀਆਂ ਹਨ।

## 6 ਨਿਯੁਕਤ ਲਾਭਪਾਤਰੀ ਜਾਂ ਲਾਭਪਾਤਰੀਆਂ ਨੂੰ ਪੈਸੇ ਦਾ ਭੁਗਤਾਨ ਕਰਨ ਵਿੱਚ ਕਿੰਨਾ ਸਮਾਂ ਲੱਗਦਾ ਹੈ?

ਸਧਾਰਣ ਸੰਪੱਤੀ ਸੈਟਲਮੈਂਟ ਪ੍ਰਕਿਰਿਆ ਦੇ ਉਲਟ, ਜਿਸ ਵਿੱਚ ਕਈ ਮਹੀਨੇ ਜਾਂ ਸਾਲ ਲੱਗ ਸਕਦੇ ਹਨ, ਸੈਗਰੇਗੇਟਡ ਫੰਡਾਂ ਨਾਲ ਸਬੰਧਤ ਜਾਇਦਾਦ ਦਾ ਨਿਪਟਾਰਾ ਬਿਨਾਂ ਕਿਸੇ ਫੀਸ ਦੇ ਅਤੇ ਆਮ ਤੌਰ 'ਤੇ, ਦੋ ਹਫ਼ਤਿਆਂ ਤੋਂ ਘੱਟ ਸਮੇਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ।

ਜੇ ਲੋੜ ਹੋਵੇ ਤਾਂ ਫਿਰ ਅਦਾ ਕੀਤੀ ਪੂੰਜੀ ਦੀ ਵਰਤੋਂ ਮ੍ਰਿਤਕ ਲਈ ਵਿੱਤੀ ਵਚਨਬੱਧਤਾਵਾਂ ਨੂੰ ਪੂਰਾ ਕਰਨ ਲਈ ਕੀਤੀ ਜਾ ਸਕਦੀ ਹੈ, ਜਿਵੇਂ ਕਿ ਟੈਕਸ ਅਤੇ ਲੋਨ।

## 7 ਸਵੈ-ਰੁਜ਼ਗਾਰ ਵਾਲੇ ਕਾਮਿਆਂ ਜਾਂ ਕਾਰੋਬਾਰੀ ਮਾਲਕਾਂ ਲਈ ਕੀ ਫਾਇਦੇ ਹਨ?

ਕਾਰੋਬਾਰ ਦੇ ਮਾਲਕ ਜੋ ਨਿੱਜੀ ਤੌਰ 'ਤੇ ਆਪਣੇ ਕਾਰੋਬਾਰ ਲਈ ਵਿੱਤੀ ਜ਼ਿੰਮੇਵਾਰੀ ਲੈਂਦੇ ਹਨ ਜਾਂ ਮੁਕੱਦਮੇ ਦੇ ਖਤਰੇ ਅਧੀਨ ਸਵੈ-ਰੁਜ਼ਗਾਰ ਵਾਲੇ ਕਰਮਚਾਰੀਆਂ ਲਈ ਜ਼ਬਤੀ ਤੋਂ ਛੋਟ ਇੱਕ ਮੁੱਖ ਲਾਭ ਹੈ।

ਸੈਗਰੇਗੇਟਡ ਫੰਡਾਂ ਵਿੱਚ ਰੱਖੀਆਂ ਇਨਵੈਸਟਮੈਂਟਾਂ ਨੂੰ ਦੀਵਾਲੀਆਪਨ ਜਾਂ ਮੁਕੱਦਮੇ ਦੀ ਸਥਿਤੀ ਵਿੱਚ ਲੈਣਦਾਰਾਂ ਦੁਆਰਾ ਜ਼ਬਤ ਕੀਤੇ ਜਾਣ ਤੋਂ ਛੋਟ ਮਿਲ ਸਕਦੀ ਹੈ।

ਜ਼ਿਆਦਾਤਰ ਜੀਵਨ ਬੀਮਾ ਉਤਪਾਦ ਇਹ ਸੁਰੱਖਿਆ ਲਾਭ ਪ੍ਰਦਾਨ ਕਰਦੇ ਹਨ। ਹਾਲਾਂਕਿ, ਇੱਥੇ ਦੋ ਸ਼ਰਤਾਂ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ।

1. ਘੱਟੋ-ਘੱਟ ਇੱਕ "ਤਰਜੀਹੀ" ਜਾਂ ਅਟੱਲ ਲਾਭਪਾਤਰੀ ਨੂੰ ਮਨੋਨੀਤ ਕੀਤਾ ਜਾਣਾ ਚਾਹੀਦਾ ਹੈ।
2. ਇਨਵੈਸਟਮੈਂਟਾਂ ਸੰਭਾਵੀ ਲੈਣਦਾਰਾਂ ਪ੍ਰਤੀ ਧੋਖਾਧੜੀ ਦੇ ਕਿਸੇ ਇਰਾਦੇ ਤੋਂ ਬਿਨਾਂ, ਨੇਕ ਵਿਸ਼ਵਾਸ ਨਾਲ ਕੀਤੀਆਂ ਜਾਣੀਆ ਚਾਹੀਦੀਆਂ ਹਨ।

## 8 ਕੀ ਘੱਟ ਪ੍ਰਬੰਧਨ ਫੀਸਾਂ ਸੰਭਵ ਹਨ?

ਹਾਂ! ਘਟਾਏ ਗਏ ਪ੍ਰਬੰਧਨ ਫੀਸਾਂ ਲਈ ਪ੍ਰੈਸਟੀਜ ਪ੍ਰੈਫਰੈਂਸ਼ਿਅਲ ਪ੍ਰਾਇਸਿੰਗ ਉਹਨਾਂ ਗਾਹਕਾਂ ਲਈ ਉਪਲਬਧ ਹੈ ਜੋ $300,000 ਦੀ ਸੰਪਤੀ ਥ੍ਰੈਸ਼ਹੋਲਡ ਤੱਕ ਪਹੁੰਚਦੇ ਹਨ। ਕਟੌਤੀ ਰੱਖੇ ਹੋਏ ਫੰਡਾਂ ਦੇ ਆਧਾਰ 'ਤੇ ਵੱਖਰੀ ਹੁੰਦੀ ਹੈ। ਇਹ ਇਹਨਾਂ ਵਿੱਚ ਪੇਸ਼ ਕੀਤੇ ਗਏ ਸਾਰੇ ਸੈਗਰੇਗੇਟਡ ਫੰਡਾਂ 'ਤੇ ਲਾਗੂ ਹੁੰਦਾ ਹੈ:

- ਕਲਾਸਿਕ ਸੀਰੀਜ਼ 75/75
- ਸੀਰੀਜ਼ 75/100
- ਮਾਈ ਐਜੁਕੇਸ਼ਨ+ ਉਤਪਾਦ

ਇੱਕੋ ਪਰਿਵਾਰ ਦੇ ਹੋਰ ਮੈਂਬਰ, ਜੋ ਇੱਕੋ ਪਤੇ 'ਤੇ ਰਹਿੰਦੇ ਹਨ, ਆਪਣੀ ਸੰਪੱਤੀ ਨੂੰ ਸੰਪੱਤੀ ਥ੍ਰੈਸ਼ਹੋਲਡ ਵਿੱਚ ਯੋਗਦਾਨ ਪਾਉਣ ਲਈ ਜੋੜ ਸਕਦੇ ਹਨ। ਇੱਕ ਵਾਰ ਪਰਿਵਾਰਕ ਗਰੁੱਪ ਦੇ ਯੋਗ ਹੋਣ ਤੋਂ ਬਾਅਦ, ਲਾਭਾਂ ਨੂੰ ਪਰਿਵਾਰ ਦੇ ਵਧੇ ਹੋਏ ਮੈਂਬਰਾਂ ਨਾਲ ਵੀ ਸਾਂਝਾ ਕੀਤਾ ਜਾ ਸਕਦਾ ਹੈ, ਉਹਨਾਂ ਦੀ ਜਾਇਦਾਦ ਦੇ ਪੱਧਰ ਜਾਂ ਨਿਵਾਸ ਸਥਾਨ ਦੀ ਪਰਵਾਹ ਕੀਤੇ ਬਿਨਾਂ।

ਇਸ ਤੋਂ ਇਲਾਵਾ, ਪ੍ਰੈਸਟੀਜ ਪ੍ਰੈਫਰੈਂਸ਼ਿਅਲ ਪ੍ਰਾਇਸਿੰਗ ਤੋਂ ਵੱਖਰੇ ਤੌਰ 'ਤੇ, ਕੁਝ ਗਾਹਕ F-ਕਲਾਸ ਫੀਸ ਵਿਕਲਪ ਦੀ ਚੋਣ ਕਰਕੇ ਵਾਧੂ ਫੀਸਾਂ ਲਈ ਘਟੀਆਂ ਹੋਈਆਂ ਦਰਾਂ ਦਾ ਲਾਭ ਲੈ ਸਕਦੇ ਹਨ।

## 9 ਸੈਗਰੇਗੇਟਡ ਫੰਡਾਂ ਲਈ ਟੈਕਸ ਨਿਯਮ ਕੀ ਹਨ?

RRSPs ਜਾਂ TFSAs ਵਰਗੇ ਰਜਿਸਟਰਡ ਇਨਵੈਸਟਮੈਂਟਾਂ ਲਈ ਟੈਕਸ ਨਿਯਮਾਂ ਦੇ ਸਬੰਧ ਵਿੱਚ, ਸੈਗਰੇਗੇਟਡ ਫੰਡਾਂ ਅਤੇ ਮਿਉਚੁਅਲ ਫੰਡਾਂ ਵਿੱਚ ਕੋਈ ਅੰਤਰ ਨਹੀਂ ਹੈ।

ਗੈਰ-ਰਜਿਸਟਰਡ ਇਨਵੈਸਟਮੈਂਟਾਂ ਦੇ ਸਬੰਧ ਵਿੱਚ:

- ਹਰ ਸਾਲ ਅਤੇ ਹਰੇਕ ਫੰਡ ਲਈ, ਹਰ ਫੰਡ ਵਿੱਚ ਘਾਟੇ ਅਤੇ ਆਮਦਨੀ (ਵਿਆਜ, ਲਾਭਅੰਸ਼ ਅਤੇ ਪੂੰਜੀ ਲਾਭ) ਯੂਨਿਟ ਧਾਰਕਾਂ ਨਾਲ ਜੋੜੀ ਜਾਂਦੀ ਹੈ, ਜਿਵੇਂ ਕਿ ਮਿਉਚੁਅਲ ਫੰਡਾਂ ਵਿੱਚ ਹੁੰਦਾ ਹੈ।
- ਹਾਲਾਂਕਿ, ਮਿਉਚੁਅਲ ਫੰਡਾਂ ਦੇ ਉਲਟ, ਸੈਗਰੇਗੇਟਡ ਫੰਡ ਵਿੱਚ ਘਾਟੇ ਨੂੰ ਟੈਕਸ ਸਾਲ ਦੇ ਅੰਤ ਵਿੱਚ ਐਲਾਨ ਕੀਤਾ ਜਾ ਸਕਦਾ ਹੈ। ਘੱਟ ਟੈਕਸ ਅਦਾ ਕਰਨ ਲਈ ਇਨਵੈਸਟਰ ਉਨ੍ਹਾਂ ਨੂੰ ਆਪਣੀ ਆਮਦਨੀ ਵਿੱਚੋਂ ਘਟਾ ਸਕਦੇ ਹਨ।
- ਸਾਰੇ ਲਾਭਾਂ ਅਤੇ ਨੁਕਸਾਨਾਂ ਦੀ ਗਣਨਾ T3 ਅਤੇ RL-16 ਸਲਿੱਪ (ਕੇਵਲ ਕਿਉਬੇਕ) 'ਤੇ ਟੈਕਸ ਸਾਲ ਦੇ ਅੰਤ ਵਿੱਚ ਭੇਜੀ ਜਾਂਦੀ ਹੈ।

## 10 ਸੈਗਰੇਗੇਟਡ ਫੰਡਾਂ ਲਈ ਪ੍ਰਬੰਧਨ ਫੀਸ ਦਾ ਬ੍ਰੇਕਡਾਊਨ ਕੀ ਹੈ?

ਮੈਨੇਜਮੈਂਟ ਫ਼ੀਸ ਦਾ ਬ੍ਰੇਕਡਾਊਨ ਮਿਉਚੁਅਲ ਫੰਡਾਂ (ਪ੍ਰਬੰਧਨ ਫ਼ੀਸ, ਸਲਾਹਕਾਰ ਸੇਵਾ, ਟੈਕਸ ਆਦਿ) ਦੇ ਸਮਾਨ ਹੁੰਦਾ ਹੈ। ਫ਼ਰਕ ਸਿਰਫ਼ ਉਹਨਾਂ ਲਾਭਾਂ ਲਈ ਫੀਸਾਂ ਬਾਰੇ ਹੈ ਜੋ ਸੈਗਰੇਗੇਟਡ ਫੰਡ ਪ੍ਰਦਾਨ ਕਰਦੇ ਹਨ। ਫ਼ੀਸ ਦਾ ਇਹ ਹਿੱਸਾ ਫੰਡ ਦੀ ਕਿਸਮ ਅਤੇ ਚੁਣੀ ਗਈ ਸੀਰੀਜ਼ (ਗਾਰੰਟੀ) ਦੇ ਆਧਾਰ 'ਤੇ ਬਦਲਦਾ ਹੈ।

ਹਾਲਾਂਕਿ, ਇਹਨਾਂ ਵਿਸ਼ੇਸ਼ਤਾਵਾਂ ਦਾ ਨਤੀਜਾ ਅਕਸਰ ਮੌਤ ਤੋਂ ਬਾਅਦ ਕੁੱਲ ਲਾਭ ਹੁੰਦਾ ਹੈ, ਮਨ ਦੀ ਸ਼ਾਂਤੀ ਨੂੰ ਯਕੀਨੀ ਬਣਾਉਂਦੇ ਹੋਏ।

**ਪਿਛਲੇ ਪਾਸੇ ਸੈਗਰੇਗੇਟਡ ਫੰਡਾਂ ਦਾ ਇੱਕ ਤੁਲਨਾਤਮਕ ਉਦਾਹਰਨ ਦੇਖੋ।**

**ਸੈਗਰੇਗੇਟਡ ਫੰਡ ਤੁਹਾਡੇ ਗਾਹਕਾਂ ਲਈ ਬਹੁਤ ਸਾਰੇ ਫਾਇਦੇ ਪੇਸ਼ ਕਰਦੇ ਹਨ, ਇੱਥੇ ਇੱਕ ਉਦਾਹਰਨ ਹੈ:**

ਤੁਹਾਡੇ ਕਲਾਇੰਟ ਨੇ 15 ਸਾਲ ਪਹਿਲਾਂ ਆਪਣੇ ਇਕਰਾਰਨਾਮੇ ਵਿੱਚ $25,000 ਜਮ੍ਹਾਂ ਕਰਾਏ ਸਨ, ਫਿਰ $7,500 ਪ੍ਰਤੀ ਸਾਲ ਜਦੋਂ ਤੱਕ ਉਹ 68 ਸਾਲ ਦੀ ਉਮਰ ਵਿੱਚ ਮਰ ਨਹੀਂ ਜਾਂਦਾ।

| | ਮਿਉਚੁਅਲ ਫੰਡ | ਸੈਗਰੇਗੇਟਡ ਫੰਡ |
|---|---|---|
| ਮੌਤ ਸਮੇਂ ਮਾਰਕੀਟ ਵੈਲਯੂ[1] | $213,800 | $209,000 |
| ਪ੍ਰੋਬੇਟ ਫੀਸ - 1.5% ਤੱਕ[2] | $2,460 | $0 |
| ਪ੍ਰੋਫੈਸ਼ਨਲ ਫੀਸ - 5% ਤੱਕ[3] | $4,500 | $0 |
| ਅਸਟੇਟ ਐਗਜ਼ੀਕਿਊਟਰ ਲਈ ਫੀਸ - 5% ਤੱਕ[4] | $6,400 | $0 |
| ਰੀਡੈਂਪਸ਼ਨ ਫੀਸ - 7% ਤੱਕ[5] | $0 | $0 |
| ਕੁੱਲ ਫੀਸ | $13,360 | $0 |
| **ਨੈੱਟ ਵੈਲਯੂ ਅਤੇ ਮੌਤ 'ਤੇ ਰਿਟਰਨ** | **$200,440** | **$209,000** |
| **ਅੰਤਰ** | **-** | **$8,560** |

[1] ਰਿਟਰਨ ਦੀ 5% ਨੈੱਟ ਦਰ। ਸੈਗਰੇਗੇਟਡ ਫੰਡ ਇਨਵੈਸਟਮੈਂਟਾਂ 'ਤੇ ਨੈੱਟ ਰਿਟਰਨ ਨੂੰ ਆਮ ਤੌਰ 'ਤੇ ਉੱਚ MER ਨੂੰ ਧਿਆਨ ਵਿੱਚ ਰੱਖਣ ਲਈ -0.25% ਨਾਲ ਐਡਜਸਟ ਕੀਤਾ ਗਿਆ ਸੀ।
[2] ਪ੍ਰੋਬੇਟ ਫੀਸ ਸੂਬੇ ਦੇ ਮੁਤਾਬਕ ਵੱਖ-ਵੱਖ ਹੁੰਦੀ ਹੈ। ਉਦਾਹਰਨ ਵਿੱਚ 1 ਜਨਵਰੀ, 2020 ਤੋਂ ਪ੍ਰਭਾਵੀ ਓਨਟਾਰੀਓ ਅਸਟੇਟ ਪ੍ਰਸ਼ਾਸਨ ਟੈਕਸ ਵਰਤਿਆ ਗਿਆ ਹੈ।
[3] ਪ੍ਰੋਫੈਸ਼ਨਲ ਫੀਸਾਂ ਵਿੱਚ, ਹੋਰ ਚੀਜ਼ਾਂ ਦੇ ਨਾਲ, ਕਾਨੂੰਨੀ ਅਤੇ ਅਕਾਉਂਟਿੰਗ ਫੀਸਾਂ ਸ਼ਾਮਲ ਹਨ। ਇਹ ਸਥਿਤੀ ਅਤੇ ਫ਼ਾਈਲ ਦੀ ਗੁੰਝਲਤਾ ਦੇ ਆਧਾਰ 'ਤੇ ਵੱਖ-ਵੱਖ ਹੁੰਦੇ ਹਨ।
[4] ਅਸਟੇਟ ਐਗਜ਼ੀਕਿਊਟਰ ਲਈ ਫੀਸਾਂ ਇਸ ਆਧਾਰ 'ਤੇ ਵੱਖ-ਵੱਖ ਹੁੰਦੀਆਂ ਹਨ ਕਿ ਐਗਜ਼ੀਕਿਊਟਰ ਜਾਇਦਾਦ ਦਾ ਅੰਦਰੂਨੀ ਹੈ ਜਾਂ ਬਾਹਰੀ। ਉਦਾਹਰਨ ਵਿੱਚ ਇੱਕ ਬਾਹਰੀ ਐਗਜ਼ੀਕਿਊਟਰ ਮੰਨਿਆ ਗਿਆ ਹੈ।
[5] ਵਿਕਲਪ ਅਤੇ ਕੰਪਨੀ ਦੇ ਆਧਾਰ ਤੇ ਰੀਡੈਂਪਸ਼ਨ ਫੀਸਾਂ ਵੱਖਰੀਆਂ ਹੁੰਦੀਆਂ ਹਨ।



ਵਧੇਰੇ ਜਾਣਕਾਰੀ ਲਈ
ਆਪਣੇ ਅਡਵਾਈਜ਼ਰ
ਤੋਂ ਪਤਾ ਕਰੋ।

F13-1133P(21-03) ACC

INVESTED IN YOU.

iA ਫਾਈਨੈਂਸ਼ੀਅਲ ਗਰੁੱਪ **ਇੰਡਸਟ੍ਰੀਅਲ ਅਲਾਇੰਸ ਇੰਸ਼ੋਰੈਂਸ ਐਂਡ ਫਾਈਨੈਂਸ਼ੀਅਲ ਸਰਵਿਸਿਜ਼ ਇੰਕ.** ਦਾ ਵਪਾਰਕ ਨਾਮ ਅਤੇ ਟ੍ਰੇਡਮਾਰਕ ਹੈ।

1-844-442-4636

**ia.ca**